# 2

# ਤਵ ਚਰਨਨ ਮਨ ਰਹੈ ਹਮਾਰਾ

# Tav Charnan Man Rahai Hamara

*"ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪ੍ਰੇਮ ਹੀ ਪ੍ਰੇਮ ਹਨ। ਆਪਣੇ ਮੂਲ ਸਰੂਪ ਪ੍ਰੇਮ ਵਿੱਚੋਂ ਹੀ ਪ੍ਰਗਟ ਹੋਏ, ਆਪਣੇ ਮੂਲ ਸਰੂਪ ਪ੍ਰੇਮ ਦਾ ਹੀ ਇੱਕ ਮਹਾਨ ਖੇਡ ਖੇਡਿਆ, ਪ੍ਰੇਮ ਨੂੰ ਹੀ ਲੋਕਾਈ ਵਿੱਚ ਖੁਲ੍ਹਾ ਵੰਡਿਆ ਅਤੇ ਲੁਟਾਇਆ। ਜਿਹੜੇ ਮਹਾਨ ਸਿੱਖ ਗੋਬਿੰਦ ਪ੍ਰੇਮ ਵਿੱਚ ਰੰਗੇ ਤੇ ਰੱਤੇ ਹੋਏ ਹਨ, ਉਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰੇਮ ਦਾ ਸਰੂਪ ਹਨ। ਉਹ ਇਸ ਗੋਬਿੰਦ ਪ੍ਰੇਮ ਦਾ ਹੀ ਇਸ ਮਾਤ ਲੋਕ ਵਿੱਚ ਵਣਜ ਅਤੇ ਵਪਾਰ ਕਰਦੇ ਹਨ। ਉਹ ਸਿੱਖ ਮਹਾਨ ਹਨ ਅਤੇ ਧੰਨ ਹਨ। ਉਨ੍ਹਾਂ ਦੇ ਦਰਸ਼ਨ ਵੀ ਧੰਨ ਹਨ। ਉਨ੍ਹਾਂ ਦੀ ਚਰਨ ਧੂੜ ਵੀ ਧੰਨ ਹੈ।"*

*- ਬਾਬਾ ਨਰਿੰਦਰ ਸਿੰਘ ਜੀ*

# ਗੁਰੂ ਚਰਨਾਂ ਦੀ ਪ੍ਰੀਤੀ, ਗੁਰੂ ਚਰਨਾਂ ਦਾ ਪਿਆਰ

ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ) ਨੇ ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਣੀ ਅੰਮ੍ਰਿਤ ਬਾਣੀ ਸੁਣੀ, ਕੰਨਾ ਵਿੱਚ ਪਈ, ਪਤਾ ਕੀਤਾ, ਇਹ ਕਿਸ ਦੀ ਅੰਮ੍ਰਿਤ ਬਾਣੀ ਹੈ | ਪਤਾ ਲੱਗਿਆ ਕਿ ਨਾਨਕ ਤਪਾ ਦੀ, ਪਤਾ ਕਰਦੇ-ਕਰਦੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿੱਚ ਪਹੁੰਚ ਕੇ ਸਾਹ ਲਿਆ | ਗੁਰੂ ਅਮਰਦਾਸ ਜੀ ਸੱਚੇ ਪਾਤਸ਼ਾਹ ਜੀ ਜਿਨ੍ਹਾਂ ਦੇ ਕੰਨਾ ਵਿੱਚ ਗੁਰੂ ਨਾਨਕ ਪਾਤਸ਼ਾਹ ਦੀ ਅੰਮ੍ਰਿਤ ਬਾਣੀ ਜਪੁਜੀ ਸਾਹਿਬ ਜੀ ਦੇ ਪਾਠ ਦੀਆਂ ਅੰਮ੍ਰਿਤ ਧੁਨੀਆਂ ਪਈਆਂ ਹਨ, ਉਹ ਬੀਬੀ ਅਮਰੋ ਜੀ ਤੋਂ ਹੀ ਧੁਨੀਆਂ ਸੁਣੀਆਂ | ਗੁਰੂ ਅੰਗਦ ਸਾਹਿਬ ਦੇ ਚਰਨਾਂ ਵਿੱਚ ਜਾ ਕੇ ਸਾਹ ਲਿਆ | ਅੰਮ੍ਰਿਤ ਬਾਣੀ ਖਿੱਚ ਕੇ ਲੈ ਗਈ ਹੈ ਗੁਰੂ ਅੰਗਦ ਸਾਹਿਬ ਜੀ ਦੇ ਚਰਨਾਂ ਪਾਸ, ਗੁਰੂ ਅਮਰਦਾਸ ਜੀ ਗੁਰੂ ਨਾਨਕ ਪਾਤਸ਼ਾਹ ਦਾ ਪ੍ਰੇਮ ਪ੍ਰਕਾਸ਼ ਹੋ ਨਿੱਬੜੇ | ਉਸ ਪ੍ਰੇਮ ਦੇ ਵਿੱਚ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਹੋ ਗਿਆ |

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ||

ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ||

ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ

ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ||
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-517)*

## ਭਾਈ ਕੈਂਠਾ ਜੀ

ਬਾਬਾ ਨੰਦ ਸਿੰਘ ਸਾਹਿਬ ਨੇ ਇੱਕ ਪਾਵਨ ਸਾਖੀ ਸੁਣਾਈ ਕਿ ਕਾਬਲ ਦੀ ਸੰਗਤ ਗੁਰੂ ਹਰਿ ਰਾਏ ਸਾਹਿਬ ਪਾਸ ਕੀਰਤਪੁਰ ਸਾਹਿਬ ਪਹੁੰਚਦੀ ਹੈ | ਉਤਸ਼ਾਹ ਹੈ ਕਿ ਗੁਰੂ ਸਾਹਿਬ ਨੂੰ ਨਾਲ ਲੈ ਚੱਲੀਏ ਤਾਂ ਕਿ ਕਾਬਲ ਜਾ ਕੇ ਗੁਰੂ ਸਾਹਿਬ ਸਾਰੀ ਸੰਗਤ ਨੂੰ ਨਿਵਾਜਨ | ਜਾ ਕੇ ਬੇਨਤੀ ਕੀਤੀ, ਸਾਹਿਬ ਨੇ ਬੜੇ ਪਿਆਰ ਨਾਲ ਸੁਣੀ | ਥੋੜ੍ਹੇ ਹੀ ਦਿਨਾਂ ਬਾਅਦ ਉਨ੍ਹਾਂ ਨੂੰ ਜਾਣ ਦੀ ਇਜਾਜ਼ਤ ਦਿੱਤੀ ਹੈ ਪਰ ਉਨ੍ਹਾਂ ਦੀ ਬੇਨਤੀ ਪਰਵਾਨ ਕਰਦੇ ਹੋਏ ਆਪਣੇ ਇੱਕ ਅਤੀ ਪਿਆਰੇ ਸਿੱਖ ਨੂੰ ਨਾਲ ਭੇਜਿਆ ਕਿ ਇਹ ਤੁਹਾਨੂੰ, ਸਾਡੀ ਕਮੀ ਮਹਿਸੂਸ ਨਹੀਂ ਹੋਣ ਦੇਵੇਗਾ, ਇਸ ਦੀ ਸੇਵਾ ਸਾਡੀ ਸੇਵਾ ਹੋਵੇਗੀ, ਇਹ ਕਹਿ ਕੇ ਭਾਈ ਕੈਂਠਾ ਜੀ ਨੂੰ ਭੇਜਿਆ ਹੈ| ਜਿਸ ਵਕਤ ਕਾਬਲ ਪਹੁੰਚ ਗਏ, ਕੀ ਘਟਨਾ ਘਟਦੀ ਹੈ? ਕੀਰਤਪੁਰ ਸਾਹਿਬ ਸਵੇਰ ਦਾ ਦੀਵਾਨ ਲੱਗਿਆ ਹੋਇਆ ਹੈ, ਦੀਵਾਨ ਦਾ ਭੋਗ ਪਿਆ ਹੈ, ਸੰਗਤ ਬਾਹਰ ਜਾਕੇ ਪੰਗਤ ਬਣਾ ਕੇ ਸਜ ਗਈ ਹੈ | ਹਰ ਰੋਜ਼ ਗੁਰੂ ਸਾਹਿਬ ਉੱਠਦੇ, ਜਾ ਕੇ ਸੰਗਤ ਵਿੱਚ ਆਪ ਪਰਸ਼ਾਦਾ ਵਰਤਾਂਦੇ ਸਨ ਪਰ ਅੱਜ ਗੁਰੂ ਸਾਹਿਬ ਨਹੀਂ ਉੱਠੇ | ਸੰਗਤ ਨੂੰ ਉੱਥੇ ਪੰਗਤ ਵਿੱਚ ਬੈਠਿਆਂ ਬੜੀ ਦੇਰ ਹੋ ਗਈ, ਪਰਸ਼ਾਦਾ ਵੀ ਠੰਡਾ ਹੋ ਗਿਆ| ਸੇਵਾਦਾਰ ਜਾ ਕੇ ਬੇਨਤੀ ਕਰਦਾ ਹੈ ਕਿ

ਸੱਚੇ ਪਾਤਸ਼ਾਹ ਬਹੁਤ ਦੇਰ ਤੋਂ ਤੁਹਾਡਾ ਇੰਤਜ਼ਾਰ ਹੋ ਰਿਹਾ ਹੈ, ਗਰੀਬ ਨਿਵਾਜ਼ ਨੇਮ ਅਨੁਸਾਰ ਤੁਸੀਂ ਹੀ ਆ ਕੇ ਆਗਿਆ ਬਖਸ਼ਦੇ ਹੋ ਅਤੇ ਵਰਤਾਉਂਦੇ ਹੋ | ਸਾਹਿਬ ਨੇ ਹਜ਼ੂਰੀਏ ਵੱਲ ਵੇਖਿਆ, ਫੁਰਮਾਇਆ, ਕਾਬਲ ਬੈਠਾ ਭਾਈ ਕੈਂਠਾ ਸਾਡੇ ਚਰਨਾਂ ਨੂੰ ਜਕੜੀਂ ਬੈਠਾ ਹੈ, ਸਾਡੇ ਚਰਨਾਂ ਨੂੰ ਛੱਡੇਗਾ ਤਦ ਹੀ ਅਸੀਂ ਉਠ ਸਕਦੇ ਹਾਂ, ਜਦੋਂ ਹੀ ਛੱਡੇਗਾ ਅਸੀਂ ਬਾਹਰ ਆ ਜਾਵਾਂਗੇ|

ਉਸ ਪਾਸੇ ਕੀ ਹੋ ਰਿਹਾ ਹੈ ਦੀਵਾਨ ਦਾ ਭੋਗ ਪਿਆ ਸਵੇਰੇ ਭਾਈ ਕੈਂਠਾ ਜੀ ਗੁਰੂ ਲਿਵ ਵਿੱਚ ਪੂਰੇ ਲੀਨ ਹਨ, ਗੁਰੂ ਪ੍ਰੇਮ ਦੇ ਵਜਿਦ ਵਿੱਚ ਆਏ ਹੋਏ ਹਨ, ਕਿਹੜੇ ਵਜਿਦ ਵਿੱਚ ਆਏ ਹਨ ਕਿਸ ਸਰੂਰ ਦੇ ਵਜਿਦ ਵਿੱਚ, ਕਿਹੜੇ ਸਰੂਰ, ਕਿਹੜੇ ਨਸ਼ੇ ਵਿੱਚ, ਉਹ ਚਰਨਾਂ ਦੇ ਪ੍ਰੇਮ, ਚਰਨਾਂ ਦੀ ਪ੍ਰੀਤੀ ਵਿੱਚ ਭਾਈ ਕੈਂਠਾ ਜੀ ਮਖਮੂਰ ਹਨ| ਸੰਗਤ ਵੇਖ ਰਹੀ ਹੈ ਕਿ ਗੁਰੂ ਲਿਵ ਦੇ ਵਿੱਚ, ਝੂਮ ਰਹੇ ਹਨ | ਉਸਦੇ ਪਿਆਰ ਵਿੱਚ ਆਪਣੀ ਕੋਈ ਹੋਸ਼ ਨਹੀਂ ਹੈ | ਉਸ ਪਿਆਰ ਦੇ ਵਿੱਚ, ਆਪਣੇ ਹੀ ਚਰਨ ਫੜੇ ਹੋਏ ਹਨ ਤੇ ਜੋਰ-ਜੋਰ ਦੀ ਉਨ੍ਹਾਂ ਨੂੰ ਘੁਟ ਰਹੇ ਹਨ | ਉਸ ਤਰਫ ਗੁਰੂ ਸਾਹਿਬ ਕੀ ਕਹਿ ਰਹੇ ਹਨ ਸਾਡੇ ਚਰਨਾਂ ਨੂੰ ਜਕੜਿਆ ਹੋਇਆ ਹੈ, ਜਕੜਿਆ ਤਾਂ ਗੁਰੂ ਸਾਹਿਬ ਦੇ ਚਰਨਾਂ ਨੂੰ ਸੀ, ਆਪਣੀ ਹੋਸ਼ ਨਹੀਂ, ਸੰਗਤ ਮਸਤੀ ਵਿੱਚ ਦੇਖ ਰਹੀ ਹੈ| ਸਾਧ ਸੰਗਤ ਜੀ ਇੱਕ ਚਰਨ ਕਮਲਾਂ ਦਾ ਆਸ਼ਿਕ, ਗੁਰੂ ਦੇ ਚਰਨਾਂ ਦਾ ਪ੍ਰੇ੍ਮੀ, ਕਿਸ ਤਰ੍ਹਾਂ ਗੁਰੂ ਨੂੰ ਆਪਣੇ ਪ੍ਰੇਮ ਵਿੱਚ ਕਈ ਹਜ਼ਾਰ ਮੀਲ ਦੀ ਦੂਰੀ ਤੋਂ ਜਕੜ ਕੇ ਬੈਠਾ ਹੈ| ਬਾਬਾ ਨੰਦ ਸਿੰਘ ਸਾਹਿਬ ਦਾ ਇੱਕ ਬਚਨ ਚੇਤੇ ਆਉਂਦਾ ਹੈ |

ਬਾਬਾ ਨੰਦ ਸਿੰਘ ਸਾਹਿਬ ਸੰਗਤ ਵਿੱਚ ਬੈਠੇ ਬਚਨ ਕੀ

ਕਰ ਰਹੇ ਹਨ :

ਇੰਜਣ ਹੈ, ਇੰਜਣ ਦੇ ਵਿੱਚ ਕੋਇਲਾ ਪੈਂਦਾ ਹੈ | ਪਾਣੀ ਪੈਂਦਾ ਹੈ ਤੇ ਭਾਫ ਬਣਦੀ ਹੈ, ਉਹ ਭਾਫ ਸਲਾਖਾਂ ਦੇ ਵਿੱਚ ਦੀ ਨਿਕਲ ਕੇ ਸੂਖਸ਼ਮ ਹੋਈ ਜਾਂਦੀ ਹੈ, ਜਿੰਨੀ ਸੂਖਸ਼ਮ ਹੋਈ ਜਾਂਦੀ ਹੈ ਉਹ ਭਾਫ ਬਲ ਫੜੀ ਜਾਂਦੀ ਹੈ, ਫਿਰ ਕਿੰਨਾਂ ਕੁ ਬਲ ਫੜਦੀ ਹੈ, ਬਾਬਾ ਨੰਦ ਸਿੰਘ ਸਾਹਿਬ ਕਹਿਣ ਲੱਗੇ ਇੰਨਾਂ ਬਲ ਫੜਦੀ ਹੈ ਕਿ ਇੰਜਣ ਨੂੰ ਖਿੱਚਦੀ ਹੈ, ਗੱਡੀ ਨੂੰ ਖਿੱਚਦੀ ਹੈ, ਉਹ ਕੋਇਲੇ ਤੇ ਪਾਣੀ ਦੀ ਬਣੀ ਹੋਈ ਭਾਫ ਇੰਨਾ ਬਲ ਫੜਦੀ ਹੈ | ਫੁਰਮਾਉਂਣ ਲੱਗੇ ਇਹੀ ਹਾਲ ਇੱਕ ਗੁਰਸਿੱਖ ਇੱਕ ਗੁਰਮੁੱਖ ਦੀ ਬਿਰਤੀ ਦਾ ਹੈ, ਜਿਸ ਵਕਤ ਚਰਨਾਂ ਵਿੱਚ ਖੁਭਦੀ ਹੈ ਤਾਂ ਫਿਰ ਜਿਸ ਤਰ੍ਹਾਂ ਸੂਖਸ਼ਮ ਹੋਈ ਜਾਂਦੀ ਹੈ, ਗੁਰੂ ਪਰਾਇਣ ਰਹਿੰਦੀ ਹੈ, ਚਰਨਾਂ ਦੇ ਵਿੱਚ ਰਹਿੰਦੀ ਹੈ, ਗੁਰੂ ਦੇ ਚਰਨਾਂ ਵਿੱਚ, ਚਰਨ ਕਮਲਾਂ ਵਿੱਚ ਸੂਖਸ਼ਮ ਹੋਈ ਜਾਂਦੀ ਹੈ | ਜਿੱਦਾਂ ਜਿੱਦਾਂ ਸੂਖਸ਼ਮ ਹੋਈ ਜਾਂਦੀ ਹੈ ਬਲ ਫੜੀ ਜਾਂਦੀ ਹੈ | ਜਰਾ ਸੋਚ ਕੇ ਦੇਖੋ ਭਾਈ ਕੈਂਠਾ ਜੀ ਦੀ ਬਿਰਤੀ, ਜਿਹੜੀ ਗੁਰੂ ਨਾਨਕ ਸੱਚੇ ਪਾਤਸ਼ਾਹ, ਸਤਵੇਂ ਗੁਰੂ ਨਾਨਕ ਦੇ ਚਰਨ ਕਮਲਾਂ ਵਿੱਚ ਖੁਭੀ ਹੋਈ ਹੈ ਕਿੰਨਾ ਕੁ ਬਲ ਫੜ ਚੁੱਕੀ ਹੈ | ਉਹ ਨਿਰੰਕਾਰ ਸਰੂਪ, ਗੁਰੂ ਨਾਨਕ ਪਾਤਸ਼ਾਹ ਨੂੰ ਜਕੜ ਕੇ ਬੈਠੀ ਹੈ ਉਸਦੀ ਬਿਰਤੀ ਕਿੰਨਾ ਕੁ ਬਲ ਫੜ ਚੁਕੀ ਹੈ |

ਗੁਰੁ ਕੇ ਚਰਨ ਰਿਦੈ ਲੈ ਧਾਰਉ ||

ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-864)*

ਸਾਧ ਸੰਗਤ ਜੀ! ਇਸ ਅਵਸਥਾ ਨੂੰ ਅਨੁਭਵ ਕਰਨਾ ਵੀ

ਬੜਾ ਹੀ ਮੁਸ਼ਕਿਲ ਹੈ | ਬਾਬਾ ਨੰਦ ਸਿੰਘ ਸਾਹਿਬ ਚਰਨਾਂ ਦੀ ਪ੍ਰੀਤੀ, ਚਰਨਾਂ ਦੀ ਪ੍ਰਾਪਤੀ ਦੇ ਉੱਤੇ ਬਚਨ ਕਰਦੇ ਹੋਏ ਫੁਰਮਾਉਣ ਲੱਗੇ :

"ਚਰਨਾਂ ਦੀ ਪ੍ਰੀਤੀ, ਚਰਨਾਂ ਦੀ ਪ੍ਰਾਪਤੀ ਦੇ ਜਿੰਨੇ ਵੀ ਸਾਧਨ ਕੀਤੇ ਜਾਂਦੇ ਹਨ, ਜੋ ਜਪ ਤਪ ਕੀਤਾ ਜਾਂਦਾ ਹੈ ਇਹ ਆਪਣੇ ਪ੍ਰੀਤਮ ਦੇ ਚਰਨਾਂ ਦੀ ਪ੍ਰਾਪਤੀ ਵਾਸਤੇ ਹੀ ਕੀਤੇ ਜਾਦੇ ਹਨ" |

ਜਿਸ ਵਕਤ ਚਰਨਾਂ ਦੀ ਪ੍ਰਾਪਤੀ ਹੋ ਜਾਏ, ਚਰਨ ਮਿਲ ਜਾਣ, ਸਾਰੇ ਜਪਾਂ ਤਪਾਂ ਦਾ ਫਲ ਉਸ ਦੇ ਵਿੱਚ ਆ ਜਾਂਦਾ ਹੈ ਫਿਰ ਅੱਗੇ ਫੁਰਮਾਉਣ ਲੱਗੇ ਜੇ ਚਰਨ ਮਿਲ ਜਾਣ ਤਾਂ ਚਰਨਾਂ ਵਿੱਚੋਂ ਮੰਗਣਾ ਕੀ ਹੈ? ਫਿਰ ਬਾਬਾ ਨੰਦ ਸਿੰਘ ਸਾਹਿਬ ਫੁਰਮਾਉਣ ਲੱਗੇ, ਚਰਨਾਂ ਵਿੱਚੋਂ ਚਰਨ ਹੀ ਮੰਗਣੇ ਹਨ, ਚਰਨਾਂ ਦਾ ਪ੍ਰੇਮ, ਚਰਨਾਂ ਦੀ ਪ੍ਰੀਤੀ ਮੰਗਣੀ ਹੈ | ਕਹਿਣ ਲੱਗੇ ਚਰਨਾਂ ਨੇ ਕਰਨਾ ਕੀ ਕੁੱਝ ਹੈ, ਆਪਣੇ ਗੁਰੂ, ਆਪਣੇ ਸਾਹਿਬ, ਸਤਿਗੁਰੂ, ਗੁਰੂ ਨਾਨਕ ਦੇ ਚਰਨਾਂ ਨੇ ਜਨਮਾਂ-ਜਨਮਾਂ ਦੇ, ਜੁਗਾਂ-ਜੁਗਾਂ ਦੇ ਪਾਪ ਚਰ ਜਾਣੇ ਹਨ | ਚਰਨਾਂ ਨੇ ਪਾਪਾਂ ਨੂੰ ਚਰ ਜਾਣਾ ਹੈ |

## ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਰਨ ਕਮਲਾਂ ਦਾ ਆਸ਼ਿਕ

ਸਾਧ ਸੰਗਤ ਜੀ ਬਾਬਾ ਨੰਦ ਸਿੰਘ ਸਾਹਿਬ ਨੇ ਦੂਜੀ ਸਾਖੀ ਸੁਣਾਈ| ਪਹਾੜੀ ਵਜ਼ੀਰ ਹੈ, ਰਾਜੇ ਨੇ ਉਸ ਨੂੰ ਮੁਕਬਰ ਬਣਾ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿੱਚ ਭੇਜਿਆ

ਹੈ ਕਿ ਜਾਹ ! ਜਾਕੇ ਸਾਰੀ ਫੌਜ ਦਾ, ਸ਼ਸਤਰਾਂ ਦਾ, ਹਰ ਇੱਕ ਚੀਜ਼ ਦਾ ਪਤਾ ਕਰਕੇ ਆ | ਸੰਗਤ ਵਿੱਚ ਰਲ ਗਿਆ ਹੈ, ਦਰਬਾਰ ਵਿੱਚ ਪਹੁੰਚਿਆ ਹੈ, ਕਿਹੜੀ ਅੰਮ੍ਰਿਤ ਦ੍ਰਿਸਟੀ ਗੁਰੂ ਦੀ ਤੱਕਣੀ ਵਿੱਚ ਹੈ "ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ" ਜਿਸ ਵੱਲ ਵੀ ਸਤਿਗੁਰੂ ਅੰਮ੍ਰਿਤ ਦ੍ਰਿਸਟੀ ਪਾਉਂਦਾ ਹੈ ਉਸ ਨੂੰ ਸੰਤ ਬਣਾ ਦਿੰਦਾ ਹੈ | ਗਿਆ ਤਾਂ ਮੁਕਬਰੀ ਕਰਨ ਵਾਸਤੇ ਸੀ, ਜਦੋਂ ਜਾ ਕੇ ਮੱਥਾ ਟੇਕਿਆ ਹੈ, ਜਦੋਂ ਸਾਹਿਬ ਵੱਲ ਵੇਖਿਆ ਹੈ ਤਾਂ ਅੰਤਰਜਾਮੀ ਪਾਤਸ਼ਾਹ ਫਿਰ ਜਿਹੜੀ ਦ੍ਰਿਸਟੀ ਉਸ ਉੱਤੇ ਪਾਉਂਦੇ ਹਨ, ਉਸ ਦ੍ਰਿਸਟੀ ਨਾਲ ਉਹ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਅਨਨ ਭਗਤ ਬਣ ਗਿਆ | ਬਾਬਾ ਨੰਦ ਸਿੰਘ ਸਾਹਿਬ ਫੁਰਮਾਉਣ ਲੱਗੇ ਕਿ ਅਨਨ ਭਗਤ ਬਣ ਗਿਆ ਹੈ | ਸਾਧ ਸੰਗਤ ਜੀ ! ਅਨਨ ਭਗਤ ਦਾ ਮਤਲਬ ਕੀ ਹੈ ? ਜਿਸ ਵਕਤ ਪ੍ਰੇਮ ਦਾ ਨਿਸ਼ਾਨਾ ਸਿਰਫ ਇੱਕ ਹੈ, ਸਿਰਫ ਇੱਕੋ ਦੀ ਪਛਾਣ ਹੈ, ਇੱਕ ਨੂੰ ਹੀ ਦੇਖਦਾ ਹੈ, ਇੱਕ ਨੂੰ ਹੀ ਜਾਣਦਾ ਹੈ, ਉਸ ਇੱਕ ਦੇ ਇਲਾਵਾ ਇਸ ਸੰਸਾਰ ਵਿੱਚ ਦੂਜਾ ਕੋਈ ਨਹੀਂ, ਐਸਾ ਅਨਨ ਭਗਤ ਬਣਿਆ ਜਿਸ ਤਰ੍ਹਾਂ ਸਾਹਿਬ ਫੁਰਮਾਉਂਦੇ ਹਨ|

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ||

ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ||

ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ||

ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ||

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-517)*

ਫਿਰ ਉਹ ਅੰਤਰ ਮੁਖੀ ਵੀ ਗੁਰੂ ਗੋਬਿੰਦ ਸਾਹਿਬ ਦੇ ਚਰਨਾਂ ਨੂੰ ਵਸਾਈ ਬੈਠਾ ਹੈ ਅਤੇ ਨੇਤਰਾਂ ਵਿੱਚ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਵਸਾਈ ਬੈਠਾ ਹੈ | ਅੰਤਰਮੁੱਖੀ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪਿਆਰ ਕਰ ਰਿਹਾ ਹੈ, ਬਾਹਰਮੁਖੀ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪਿਆਰ ਕਰ ਰਿਹਾ ਹੈ | ਉਸ ਦੀਆਂ ਅੱਖਾਂ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕਰਦੀਆਂ ਰੱਜਦੀਆਂ ਨਹੀਂ, ਉਸਦੇ ਕੰਨ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅਨਮੋਲ ਬਚਨ ਸੁਣਦੇ ਥੱਕਦੇ ਨਹੀਂ, ਉਸ ਦੀ ਰਸਨਾ ਧੰਨ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੀ ਥੱਕਦੀ ਨਹੀਂ|

ਕਾਫੀ ਦੇਰ ਹੋ ਗਈ ਹੋਸ਼, ਸੁੱਧ-ਬੁੱਧ ਭੁੱਲੀ ਹੋਈ ਹੈ | ਉਸ ਪਾਸੇ ਰਾਜੇ ਨੇ ਦਰਬਾਰ ਵਿੱਚ ਕਿਹਾ ਕਾਫੀ ਦੇਰ ਹੋ ਗਈ ਅਜੇ ਆਇਆ ਨਹੀਂ | ਇੱਕ ਹੋਰ ਨੂੰ ਮੁਕਬਰ ਬਣਾ ਕੇ ਭੇਜਿਆ ਹੈ ਕਿ ਜਾ ਉਸ ਨੂੰ ਚਿਤਾਵਨੀ ਦੇ ਹੁਣ ਸਭ ਪਤਾ ਕਰ ਲਿਆ ਹੋਵੇਗਾ ਹੁਣ ਵਾਪਸ ਆ ਜਾਏ | ਜਦ ਸੰਗਤ ਵਿੱਚ ਆਇਆ ਉਸ ਨੇ ਕਿਹਾ ਕਿ ਰਾਜੇ ਨੇ ਤੁਹਾਨੂੰ ਵਾਪਸ ਬੁਲਾਇਆ ਹੈ| ਆਗਿਆ ਲੈ ਕੇ ਗਿਆ ਦਰਬਾਰ ਦੇ ਵਿੱਚ ਰਾਜੇ ਨੇ ਉਸ ਦੇ ਔਹਦੇ ਦੇ ਹਿਸਾਬ ਨਾਲ ਬਿਠਾਇਆ ਹੈ, ਸਤਿਕਾਰ ਕੀਤਾ ਹੈ, ਪੁੱਛਿਆ ਹੈ ਕਿ ਤੁਸੀਂ ਬੜੀ ਦੇਰ ਲਗਾ ਦਿੱਤੀ ਹੁਣ ਸਾਰਾ ਪਤਾ ਜੋ ਲੈ ਕੇ ਆਏ ਹੋ, ਦੱਸੋ | ਉਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਰਨਾਂ ਦਾ ਆਸ਼ਿਕ, ਉਹ ਚਰਨਾਂ ਵਿੱਚ ਕੈਦ ਹੋਇਆ ਦੇਵੀ ਚੰਦ ਵਜ਼ੀਰ ਜਿਹੜੇ ਬਚਨ ਕਰਦਾ ਹੈ, ਫਿਰ ਉਹ ਗੁਰੂ ਦਾ ਪ੍ਰੇਮ, ਜਿਹੜਾ ਗੁਰੂ ਦਾ ਆਸ਼ਿਕ ਹੋਵੇ ਉਸ ਤੋਂ ਤਾਂ ਸਿਵਾਏ ਪ੍ਰੇਮ ਦੇ, ਆਪਣੇ ਗੁਰੂ ਦੀ ਉਸਤਤ ਅਤੇ ਉਸ ਦੀ ਵਡਿਆਈ

ਦੇ ਹੋਰ ਕੀ ਬਚਨ ਹੋਣੇ ਸੀ ? ਜਿਸ ਵਕਤ ਉਸ ਰੰਗਤ ਦੇ ਵਿੱਚ ਰੰਗਿਆ ਹੋਇਆ ਗੁਰੂ ਦੇ ਪ੍ਰੇਮ ਨੂੰ ਪ੍ਰਗਟ ਕਰਦਾ ਹੈ, ਰਾਜਾ ਹੰਕਾਰ ਵਿੱਚ ਆ ਗਿਆ, ਗੁੱਸੇ ਵਿੱਚ ਆ ਗਿਆ ਅਤੇ ਹੁਕਮ ਦਿੱਤਾ ਇਸਨੂੰ ਤਸੀਹਾ ਦੇਵੋ, ਇਹ ਸ਼ਤਰੂ ਨਾਲ ਮਿਲ ਗਿਆ ਹੈ | ਇਸ ਨੂੰ ਬਾਹਰ ਪਹਾੜੀ ਤੇ ਲੈ ਜਾਵੋ, ਦੋ ਸਲਾਖਾਂ ਭਖਦੀਆਂ ਲਾਲ ਕਰਕੇ ਇਸ ਦੇ ਨੇਤਰਾਂ ਵਿੱਚ ਚੋਭ ਦਿਉ, ਇਸ ਨੂੰ ਅੰਨ੍ਹਾ ਕਰਕੇ ਬਾਹਰ ਸੁਟ ਆਓ, ਇਸ ਨੂੰ ਪਤਾ ਲੱਗੇ ਸ਼ਤਰੂ ਨਾਲ ਮਿਲਣ ਦੀ ਕੀ ਸਜ਼ਾ ਹੈ |

ਬਾਬਾ ਨੰਦ ਸਿੰਘ ਸਾਹਿਬ ਫੁਰਮਾਉਂਣ ਲੱਗੇ ਕਿ ਮੂਰਖ ਲੋਕ ਉਸੇ ਤਰ੍ਹਾਂ ਉਹ ਸਲਾਖਾਂ ਉਸਦੇ ਨੇਤਰਾਂ ਵਿੱਚ ਖੋਭਦੇ ਹਨ, ਉਸ ਨੂੰ ਉਥੇ ਸੁੱਟ ਕੇ ਵਾਪਸ ਆ ਗਏ | ਹੁਣ ਥੋੜ੍ਹੀ ਦੇਰ ਬਾਅਦ ਵਜੀਰ ਉਠਦਾ ਹੈ ਜਦੋਂ ਨੇਤਰ ਖੋਲ੍ਹਦਾ ਹੈ ਨੇਤਰ ਨੌ ਬਰ ਨੌ ਹਨ | ਜਿਹੜੇ ਸਾਹਿਬ ਦੇ ਚਰਨ ਨੇਤਰਾਂ ਵਿੱਚ ਵਸਾਏ ਹੋਏ ਸੀ, ਉਸਦੀ ਪ੍ਰੀਤੀ ਦੇ ਵਿੱਚ ਅਨੰਦਪੁਰ ਸਾਹਿਬ ਵੱਲ ਤੁਰ ਪਿਆ ਹੈ, ਪਹੁੰਚਿਆ ਹੈ, ਦਰਬਾਰ ਸਜਿਆ ਹੋਇਆ ਹੈ ਗੁਰੂ ਗੋਬਿੰਦ ਸਿੰਘ ਸਾਹਿਬ ਦਾ | ਗੁਰੂ ਗੋਬਿੰਦ ਸਿੰਘ ਸਾਹਿਬ ਬਿਰਾਜਮਾਨ ਹਨ ਆਪਣੇ ਆਸਣ ਤੇ | ਜਾ ਚਰਨਾਂ ਤੇ ਮਸਤਕ ਰੱਖਿਆ ਪਰ ਬੜਾ ਹੈਰਾਨ ਹੋ ਕੇ ਸਾਹਿਬ ਦੇ ਮੁੱਖ ਵੱਲ ਵੇਖ ਕੇ ਕਹਿੰਦਾ ਹੈ ਸੱਚੇ ਪਾਤਸ਼ਾਹ ਇਹ ਚਰਨ ਤਾਂ ਹਰ ਵੇਲੇ ਮੇਰੇ ਨੇਤਰਾਂ ਵਿੱਚ ਵਸੇ ਹੋਏ ਹਨ, ਇਹ ਹਰ ਵੇਲੇ ਮੇਰੇ ਹਿਰਦੇ ਵਿੱਚ ਵੱਸੇ ਹੋਏ ਹਨ ਫਿਰ ਜਿਹੜੇ ਚਰਨ ਵੱਸੇ ਹੋਏ ਸੀ ਇਨ੍ਹਾਂ ਦੀ ਫੋਟੋ ਸਾਫ ਸੀ, ਇਹ ਪੱਟੀਆਂ ਨਹੀਂ ਸੀ ਬੰਨ੍ਹੀਆਂ ਹੋਈਆਂ | ਦਸ਼ਮੇਸ਼ ਪਿਤਾ ਨੂੰ ਪੁੱਛਦਾ ਹੈ ਕਿ ਤੁਹਾਡੇ ਦੋਨਾਂ ਚਰਨਾਂ ਤੇ ਪੱਟੀਆਂ ਬੰਨ੍ਹੀਆਂ ਹੋਈਆਂ ਹਨ ਇਹ

ਪੱਟੀਆਂ ਨਹੀਂ ਸੀ ਬੰਨ੍ਹੀਆਂ ਹੋਈਆਂ| ਸਿੱਖ ਦਾ ਪਿਆਰ ਵੇਖੋ ਉਹ ਪ੍ਰੇਮ ਦੁਆਰਾ, ਉਸ ਧਿਆਨ ਦੇ ਵਿੱਚ ਜਿਹੜੇ ਚਰਨ ਉਸ ਦੀਆਂ ਅੱਖਾਂ ਦੇ ਵਿੱਚ ਵੱਸੇ ਹੋਏ ਹਨ, ਉਹ ਫੋਟੋ ਸਾਫ ਹੈ, ਗੁਰੂ ਗੋਬਿੰਦ ਸੋਂਘ ਸਾਹਿਬ ਉਸ ਵੱਲ ਵੇਖ ਕੇ ਮੁਸਕਰਾਏ ਹਨ, ਕਹਿੰਦੇ ਓਏ ਗੁਰਸਿੱਖਾ ਇਹ ਤੇਰੀ ਹੀ ਮਿਹਰਬਾਨੀ ਹੈ | ਹੈਰਾਨ ਹੋ ਕੇ ਵੇਖ ਰਿਹਾ ਹੈ ਫੁਰਮਾਉਂਣ ਲੱਗੇ ਓਏ ਤੂੰ ਕੀ ਕਿਹਾ, ਵਸਾਏ ਕਿੱਥੇ ਹੋਏ ਸਨ ? ਸੱਚੇ ਪਾਤਸ਼ਾਹ ! ਨੇਤਰਾਂ ਵਿੱਚ | ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਕੀ ਫੁਰਮਾਉਂਦੇ ਹਨ,

ਰੈਣਿ ਦਿਨਸੁ ਗੁਰ ਚਰਣ ਅਰਾਧੀ
ਦਇਆ ਕਰਹੁ ਮੇਰੇ ਸਾਈ ||
ਨਾਨਕ ਕਾ ਜੀਉ ਪਿੰਡੁ ਗੁਰੂ ਹੈ
ਗੁਰ ਮਿਲਿ ਤ੍ਰਿਪਤਿ ਅਘਾਈ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-758)*

ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ
ਵਿਚਿ ਅਖੀ ਗੁਰ ਪੈਰ ਧਰਾਈ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-758)*

ਚਰਨ ਕਮਲ ਸਿਉ ਲਾਗੀ ਪ੍ਰੀਤਿ ||
ਗੁਰ ਪੂਰੇ ਕੀ ਨਿਰਮਲ ਰੀਤਿ ||
ਭਉ ਭਾਗਾ ਨਿਰਭਉ ਮਨਿ ਬਸੈ ||
ਅੰਮ੍ਰਿਤ ਨਾਮੁ ਰਸਨਾ ਨਿਤ ਜਪੈ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-893)*

ਚਰਨ ਕਮਲ ਸਿਉ ਰੰਗੁ ਲਗਾ ਅਚਰਜ ਗੁਰਦੇਵ ||
ਜਾ ਕਉ ਕਿਰਪਾ ਕਰਹੁ ਪ੍ਰਭ ਤਾ ਕਉ ਲਾਵਹੁ ਸੇਵ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-814)*

ਗੁਰ ਕੇ ਚਰਨ ਹਿਰਦੈ ਵਸਾਏ ||
ਮਨ ਚਿੰਤਤ ਸਗਲੇ ਫਲ ਪਾਏ ||
ਅਗਨਿ ਬੁਝੀ ਸਭ ਹੋਈ ਸਾਂਤਿ ||
ਕਰਿ ਕਿਰਪਾ ਗੁਰਿ ਕੀਨੀ ਦਾਤਿ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-395)*

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ||
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ
ਮੋਹਿ ਠਾਕੁਰ ਹੀ ਦਰਸਾਰੇ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-534)*

ਮਾਈ ਚਰਨ ਗੁਰ ਮੀਠੇ||
ਵਡੈ ਭਾਗਿ ਦੇਵੈ ਪਰਮੇਸੁਰ
ਕੋਟਿ ਫਲਾ ਦਰਸਨ ਗੁਰ ਡੀਠੇ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-717)*

ਇੱਕ ਗੁਰਮੁਖ ਦੀ ਅਵਸਥਾ ਕੀ ਹੈ ? ਇੱਕ ਗੁਰਸਿੱਖ ਦੀ ਕੀ ਅਰਦਾਸ ਹੈ ? ਕੀ ਬੇਨਤੀ ਹੈ ? ਕੀ ਅਰਜੋਈ ਹੈ

? ਕੀ ਉਤਸ਼ਾਹ ਹੈ? ਦਿਨਸੁ ਰੈਣਿ, ਦਿਨ ਰਾਤ, ਸਵਾਸ ਸਵਾਸ, ਸੱਚੇ ਪਾਤਸ਼ਾਹ ਤੇਰੇ ਦਰਸ਼ਨ ਹੁੰਦੇ ਰਹਿਣ, ਤੇਰੇ ਚਰਨ ਕਮਲ ਮੇਰੇ ਨੇਤਰਾਂ ਵਿੱਚ ਵਸੇ ਰਹਿਣ| ਇਹ ਨੇਤਰ ਤੇਰੇ ਚਰਨਾਂ ਦਾ ਨਿਵਾਸ ਅਸਥਾਨ ਬਣ ਜਾਣ, ਘਰ ਬਣ ਜਾਏ ਫਿਰ ਫੁਰਮਾਉਂਣ ਲੱਗੇ ਕਿੱਥੇ ਵਸਾਏ ਹਨ, ਜੀ 'ਨੇਤਰਾਂ ਵਿੱਚ' ਇੱਕ ਦਮ ਸਮਝਿਆ ਫਿਰ ਉਹ ਭਖਦੀਆਂ ਸਲਾਖਾਂ, ਉਹ ਭਖਦੇ ਤੂੰਬੇ ਖੁੱਭੇ ਕਿੱਥੇ ਹਨ? ਇਸ ਪਾਸੇ ਕੀ ਹੋਇਆ ਉਸ ਵੇਲੇ, ਜਿਸ ਵਕਤ ਉਸਦੇ ਸੱਜੇ ਅਤੇ ਖੱਬੇ ਨੇਤਰਾਂ ਵਿੱਚ ਉਹ ਖੁਭ ਰਹੇ ਹਨ ਉਸੇ ਵੇਲੇ ਮੇਰੇ ਸਾਹਿਬ ਦਸ਼ਮੇਸ਼ ਪਿਤਾ ਦੇ ਚਰਨਾਂ ਵਿੱਚੋਂ ਸੱਜੇ ਅਤੇ ਖੱਬੇ ਪਾਸੇ ਤੋਂ ਖ਼ੂਨ ਦੇ ਦੋ ਫੁਹਾਰੇ ਫੁੱਟੇ ਹਨ ਤਾਂ ਸੰਗਤ ਵੇਖ ਰਹੀ ਹੈ ਕਿ ਅਚਾਨਕ ਕੀ ਹੋਇਆ ਹੈ ਅਤੇ ਭੱਜੀ ਹੈ ਭੱਜ ਕੇ ਪੱਟੀਆਂ ਕੀਤੀਆਂ ਸੱਚੇ ਪਾਤਸ਼ਾਹ ਦੇ ਚਰਨਾਂ ਤੇ | ਸੰਗਤ ਪੁੱਛਦੀ ਹੈ ਇਹ ਕੀ ਕੌਤਕ ਹੈ ਸੱਚੇ ਪਾਤਸ਼ਾਹ, ਸਾਹਿਬ ਨੇ ਕੋਈ ਜਵਾਬ ਨਹੀਂ ਦਿੱਤਾ | ਉਥੇ ਹੁਣ ਸੰਗਤ ਸਮਝ ਗਈ ਹੈ ਕਿ ਇਸ ਨੂੰ ਇਹ ਸਜਾ ਮਿਲੀ ਹੈ ਅਤੇ ਇਹ ਘਟਨਾ ਜਦੋਂ ਵਰਤੀ ਹੈ ਉਥੇ ਉਸ ਵੇਲੇ ਚਰਨਾਂ ਵਿੱਚੋਂ ਕੀ ਭਾਣਾ ਵਰਤਿਆ | ਪਿਤਾ ਜੀ ਇੱਕ ਦਿਨ ਕਹਿਣ ਲੱਗੇ :

ਚਰਨ ਮਿਲਦੇ ਨਹੀਂ ਹਨ ਜਿਸ ਨੂੰ ਮਿਲੇ ਹੋਣ ਉਸ ਦੇ ਨਾਲ ਧੁਰੋਂ ਹੀ ਆਏ ਹੁੰਦੇ ਹਨ |

ਮਾਈ ਚਰਨ ਗੁਰ ਮੀਠੇ ||

ਵਡੈ ਭਾਗਿ ਦੇਵੈ ਪਰਮੇਸਰੁ

ਕੋਟਿ ਫਲਾ ਦਰਸਨ ਗੁਰ ਡੀਠੇ || ਰਹਾਉ ||

ਗੁਨ ਗਾਵਤ ਅਚੁਤ ਅਬਿਨਾਸੀ

ਕਾਮ ਕ੍ਰੋਧ ਬਿਨਸੇ ਮਦ ਢੀਠੇ||
ਅਸਥਿਰ ਭਏ ਸਾਚ ਰੰਗਿ ਰਾਤੇ
ਜਨਮ ਮਰਨ ਬਾਹੁਰਿ ਨਹੀ ਪੀਠੇ ||੧||
ਬਿਨੁ ਹਰਿ ਭਜਨ ਰੰਗ ਰਸ ਜੇਤੇ
ਸੰਤ ਦਇਆਲ ਜਾਨੇ ਸਭਿ ਝੂਠੇ||
ਨਾਮ ਰਤਨੁ ਪਾਇਓ ਜਨ ਨਾਨਕ
ਨਾਮ ਬਿਹੂਨ ਚਲੇ ਸਭਿ ਮੂਠੇ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-717)*

# ਤਵ ਚਰਨਨ ਮਨ ਰਹੈ ਹਮਾਰਾ

ਦਸ਼ਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਸਾਹਿਬ ਆਪਣੀ ਜਨਮ ਕਥਾ ਵਿੱਚ ਆਪ ਹੀ ਫਰਮਾਉਂਦੇ ਹਨ |

ਚਿਤ ਨ ਭਯੋ ਹਮਰੋ ਆਵਨ ਕਹਿ ||
ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿ ||
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ ||
ਇਮ ਕਹਿ ਕੇ ਇਹ ਲੋਕ ਪਠਾਯੋ ||
ਮੈ ਅਪਨਾ ਸੁਤ ਤੁਹਿ ਨਿਵਾਜਾ ||
ਪੰਥੁ ਪ੍ਰਚੁਰ ਕਰਬੇ ਕਉ ਸਾਜਾ ||

ਉਨ੍ਹਾਂ ਦੀ ਪਾਵਨ ਸੁਰਤੀ ਅਕਾਲ ਪੁਰਖ ਨਿਰੰਕਾਰ ਦੇ

ਚਰਨਾਂ ਵਿੱਚ ਖੁਭੀ ਹੋਈ ਹੈ ਪਰ ਸਿੱਖ ਦੀ ਸੁਰਤੀ ਕਿੱਥੇ ਖੁਭੀ ਹੋਈ ਹੈ, ਸਿੱਖ ਦੀ ਬਿਰਤੀ ਕਿਹੜੇ ਚਰਨਾਂ ਵਿੱਚ ਖੁਭੀ ਹੋਈ ਹੈ | ਭਾਈ ਨੰਦ ਲਾਲ ਜੀ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅਤੀ ਪਿਆਰੇ ਸਿੱਖ ਭਾਈ ਘਨੱਈਆ ਜੀ, ਉਨ੍ਹਾਂ ਦੇ ਅਤੀ ਪਿਆਰੇ ਸਿੱਖ, ਉਨ੍ਹਾਂ ਦੇ ਭਗਤਾ ਦੀ ਸੁਰਤੀ ਕਿੱਥੇ ਖੁਭੀ ਹੋਈ ਹੈ | ਭਗਤ ਨਾਮਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਫੁਰਮਾਉਂਦੇ ਹਨ ਉਹ ਕੀ ਵੇਖ ਰਹੇ ਹਨ, ਸਭੈ ਘਟ ਰਾਮੁ ਬੋਲੈ ਰਾਮਾ ਬੋਲੈ || ਰਾਮ ਬਿਨਾ ਕੋ ਬੋਲੈ ਰੇ||

ਸਭ ਗੋਬਿੰਦ ਹੈ ਸਭ ਗੋਬਿੰਦ ਹੈ

ਗੋਬਿੰਦ ਬਿਨ ਨਹੀ ਕੋਈ ||

*ਭਗਤ ਨਾਮ ਦੇਵ ਜੀ*

ਭਾਈ ਨੰਦ ਲਾਲ ਜੀ ਕੀ ਕਹਿ ਰਹੇ ਹਨ :

ਰੂਹ ਦਰ ਹਰ ਜਿਸਮ ਗੁਰੁ ਗੋਬਿੰਦ ਸਿੰਘ ||

ਨੂਰ ਦਰ ਹਰ ਚਸ਼ਮ ਗੁਰੁ ਗੋਬਿੰਦ ਸਿੰਘ ||

ਸਭ ਦੀਆਂ ਜਾਨਾਂ ਦੀ ਜਾਨ ਗੁਰੂ ਗੋਬਿੰਦ ਸੌਂਘ ਸਾਹਿਬ ਹਨ | ਸਭ ਦੇ ਨੇਤਰਾਂ ਵਿੱਚ ਜੋਤ, ਨੂਰ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੈ | ਪਹਾੜੀ ਵਜ਼ੀਰ ਦੀ ਸੁਰਤ ਬਿਰਤੀ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅਨਨ ਭਗਤ ਦੀ ਬਿਰਤੀ ਕਿੱਥੇ ਖੁਭੀ ਹੋਈ ਹੈ ? ਮੇਰੇ ਸਾਹਿਬ ਦੇ ਚਰਨਾਂ ਵਿੱਚ |

ਤਵ ਚਰਨਨ ਮਨ ਰਹੈ ਹਮਾਰਾ ||

ਅਪਨਾ ਜਾਨ ਕਰੋ ਪ੍ਰਤਿਪਾਰਾ ||

ਹਮਰੀ ਕਰੋ ਹਾਥ ਦੈ ਰੱਛਾ ||
ਪੂਰਨ ਹੋਇ ਚਿਤ ਕੀ ਇੱਛਾ ||
ਤਵ ਚਰਨਨ ਮਨ ਰਹੈ ਹਮਾਰਾ||
ਅਪਨਾ ਜਾਨ ਕਰੋ ਪ੍ਰਤਿਪਾਰਾ ||
ਹਮਰੇ ਦੁਸਟ ਸਭੈ ਤੁਮ ਘਾਵਹੁ ||
ਆਪ ਹਾਥ ਦੈ ਮੋਹਿ ਬਚਾਵਹੁ ||
ਸੁਖੀ ਬਸੈ ਮੋਰੋ ਪਰਿਵਾਰਾ ||
ਸੇਵਕ ਸਿਖ ਸਭੈ ਕਰਤਾਰਾ ||
ਮੋ ਰੱਛਾ ਨਿਜ ਕਰ ਦੈ ਕਰੀਐ||
ਸਭ ਬੈਰਿਨ ਕੋ ਆਜ ਸੰਘਰਿਐ ||
ਪੂਰਨ ਹੋਇ ਹਮਾਰੀ ਆਸਾ||
ਤੋਰ ਭਜਨ ਕੀ ਰਹੈ ਪਿਆਸਾ ||

ਅੰਮ੍ਰਿਤ ਬਾਣੀ ਦੀਆਂ ਧੁਨੀਆਂ ਗੁਰੂ ਅੰਗਦ ਸਾਹਿਬ ਦੇ ਕੰਨਾ ਵਿੱਚ ਪਈਆਂ, ਲੈ ਗਈਆਂ ਖਿੱਚ ਕੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿੱਚ, ਅੰਮ੍ਰਿਤ ਬਾਣੀ ਦੀਆਂ ਧੁਨੀਆਂ ਪਈਆਂ ਗੁਰੂ ਅਮਰਦਾਸ ਜੀ ਦੇ ਕੰਨਾ ਵਿੱਚ, ਲੈ ਗਈਆਂ ਖਿੱਚ ਕੇ ਗੁਰੂ ਅੰਗਦ ਸਾਹਿਬ ਜੀ ਦੇ ਚਰਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ ਬਾਣੀ “ਵਾਹੁ ਵਾਹੁ ਬਾਣੀ ਨਿਰੰਕਾਰ ਹੈ” ਬਾਣੀ ਪਹਿਲੋਂ ਵੀ ਨਿਰੰਕਾਰ ਸੀ, ਹੁਣ ਵੀ ਨਿਰੰਕਾਰ ਹੈ | ਗੁਰੂ ਨਾਨਕ ਪਾਤਸ਼ਾਹ ਨੇ ਉਪਦੇਸ਼ ਕੀਤਾ ਬਾਣੀ ਦੁਆਰਾ, ਗੁਰੂ ਅੰਗਦ ਸਾਹਿਬ ਬਿਰਾਜੇ ਉਸੇ ਆਸਨ

ਤੇ ਬਾਣੀ ਦੁਆਰਾ ਉਪਦੇਸ਼ ਜਾਰੀ ਰਿਹਾ | ਹੁਣ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਉਸੇ ਆਸਨ ਤੇ ਬਿਰਾਜਮਾਨ ਹਨ ਉਪਦੇਸ਼ ਜਾਰੀ ਹੈ ਇੱਕ ਗੁਰਮੁਖ ਵਾਸਤੇ ਗੁਰੂ ਪ੍ਰਤੱਖ ਹੈ, ਗੁਰੂ ਪ੍ਰਤੱਖ ਬੈਠਾ ਉਪਦੇਸ਼ ਕਰ ਰਿਹਾ ਹੈ ਇੱਕ ਮੂਰਖ ਵਾਸਤੇ ਇੱਕ ਪੁਸਤਕ ਹੈ, ਇੱਕ ਕਿਤਾਬ ਹੈ | ਬਾਬਾ ਨੰਦ ਸਿੰਘ ਸਾਹਿਬ ਫੁਰਮਾਉਂਣ ਲੱਗੇ ਆਪਾਂ ਆਪਣੀ ਦ੍ਰਿਸਟੀ ਨੂੰ ਪੱਕਾ ਕਰਨਾ ਹੈ, ਆਪਣੀ ਭਾਵਨਾ ਨੂੰ ਪੱਕਾ ਕਰਨਾ ਹੈ | ਸਾਡੀ ਦ੍ਰਿਸਟੀ ਅਤੇ ਭਾਵਨਾ ਵਿੱਚ ਕਮਜ਼ੋਰੀ ਹੈ, ਉਸ ਦੇ ਵਿੱਚ ਕਮੀ ਹੈ| ਜਿਸ ਵਕਤ ਸ੍ਰੀ ਗਰੂ ਗ੍ਰੰਥ ਸਾਹਿਬ ਨੂੰ ਪ੍ਰਕਾਸ਼ਿਤ ਕੀਤਾ ਹੈ, ਗੁਰੂ ਅਰਜਨ ਪਾਤਸ਼ਾਹ ਨੇ ਉਸ ਵੇਲੇ ਆਪਣਾ ਸਾਰਾ ਅਰਾਮ ਸੁੱਖ ਤਿਆਗ ਦਿੱਤਾ ਹੈ | ਆਸਨ ਤਿਆਗ ਦਿੱਤਾ ਹੈ, ਸੰਗਤ ਦੇ ਨਾਲ ਹੀ ਫਰਸ਼ ਤੇ ਬੈਠ ਗਏ ਹਨ | ਸਾਧ ਸੰਗਤ ਜੀ ਮੇਰੇ ਸਾਹਿਬ ਗੁਰੂ ਅਰਜਨ ਪਾਤਸ਼ਾਹ ਉਸੇ ਵੇਲੇ ਲਾਂਭੇ ਖੜ੍ਹੇ ਹੋ ਗਏ ਹਨ ਅਤੇ ਸਾਰੀ ਮਨੁੱਖਤਾ ਦਾ ਮੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਕਰ ਰਹੇ ਹਨ | ਗੁਰੂ ਗੋਬਿੰਦ ਸਿੰਘ ਸਾਹਿਬ, ਦਸ਼ਮੇਸ਼ ਪਿਤਾ ਨੇ ਸਭ ਕੁੱਝ ਸੰਕੋਚ ਲਿਆ, ਸਭ ਕੁੱਝ ਸਮੇਟ ਲਿਆ, ਸਭ ਕੁੱਝ ਨਿਛਾਵਰ ਕਰ ਦਿੱਤਾ ਫਿਰ ਸਾਹਿਬ ਦੇ ਚਰਨ ਕਮਲਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨ ਕਮਲਾਂ ਵਿੱਚ ਸਜਦਾ ਕੀਤਾ ਹੈ, ਉਸ ਵੇਲੇ ਫੁਰਮਾਇਆ ਕੀ ਹੈ :

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ||

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ||

ਗੁਰੂ ਗ੍ਰੰਥ ਜੀ ਮਾਨੀਐ ਪ੍ਰਗਟ ਗੁਰਾਂ ਕੀ ਦੇਹ ||

ਪ੍ਰਗਟ ਗੁਰਾਂ ਕੀ ਦੇਹ ਹੈ ਹਾਜ਼ਰ ਨਾਜ਼ਰ ਸਾਹਿਬ ਸ੍ਰੀ ਗੁਰੂ

ਗ੍ਰੰਥ ਸਾਹਿਬ | ਸਾਧ ਸੰਗਤ ਜੀਇੱਕਚੀਜ਼ ਚੇਤੇ ਰੱਖਣ ਵਾਲੀ ਹੈ ਉਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸਾਰੀ ਮਨੁੱਖਤਾ ਦਾ ਮੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਕਰ ਰਹੇ ਹਨ | ਸਾਧ ਸੰਗਤ ਜੀ ਉਸ ਵੇਲੇ ਸਾਨੂੰ ਜੋੜ ਕਿਸ ਨਾਲ ਰਹੇ ਹਨ? ਸਾਨੂੰ ਕਿਸ ਦਾ ਲੜ ਫੜ੍ਹਾ ਰਹੇ ਹਨ? ਕਿਹਦੇ ਚਰਨ ਕਮਲਾਂ ਵਿੱਚ ਸਾਨੂੰ ਸੌਂਪਿਆ ਹੈ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ ਕਮਲਾਂ ਵਿੱਚ | ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ :

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ ਸਾਡੇ ਢਹਿਣ ਵਿੱਚ ਦੇਰੀ ਹੈ, ਫਿਰ ਅੱਗੇ ਫੁਰਮਾਉਣ ਲੱਗੇ, ਗੁਰੂ ਨਾਨਕ ਵੱਲੋਂ ਸਾਨੂੰ ਬਖਸ਼ਣ ਵਿੱਚ ਕੋਈ ਦੇਰੀ ਨਹੀਂ, ਇਹ ਕੰਮ ਸਕਿੰਟਾਂ ਦਾ ਹੈ |

ਪਿਤਾ ਜੀ ਨੇ ਫੁਰਮਾਇਆ ਜਿਸ ਵਕਤ ਨਿਰੰਕਾਰ ਆਪ ਕੋਈ ਗ੍ਰੰਥ ਲਿਖਦਾ ਜਾਂ ਲਿਖਾਉਂਦਾ ਹੈ ਤੇ ਆਪ ਵਿੱਚ ਸਮਾਅ ਜਾਂਦਾ ਹੈ | ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ ਕਿ ਗੁਰਮੁੱਖ, ਸਿੱਖ ਤਾਂ ਆਪਣੇ ਸਾਹਿਬ ਦਾ ਗੁਰੂ ਦਾ, ਪ੍ਰਕਾਸ਼ ਉਤਸਵ ਰੋਜ ਹੀ ਮਨਾਉਂਦਾ ਹੈ “ਸਾਹਿਬ ਮੇਰਾ ਨੀਤ ਨਵਾ ਸਦਾ-ਸਦਾ ਦਾਤਾਰੁ” ਅਤੇ ਸਾਹਿਬ ਨਿਤ ਨਵੀਆਂ ਦਾਤਾਂ ਬਖਸ਼ਦਾ ਹੈ ਨਵੀਆਂ ਬਖਸ਼ਿਸ਼ਾਂ ਲੁਟਾਉਂਦਾ ਹੈ | ਉਸੇ ਤਰ੍ਹਾਂ ਜਿਹੜਾ ਗੁਰਸਿੱਖ ਹੈ ਉਹ ਨਵੀਆਂ ਉਮੰਗਾ ਵਿੱਚ ਨਵੀਆਂ ਤਰੰਗਾ ਵਿੱਚ, ਨਵੇਂ ਜਜ਼ਬਿਆਂ ਨਾਲ, ਨਵੀਂ ਉਤਸ਼ਾਹ, ਨਵੇਂ ਹੀ ਸਰੂਰ ਅਤੇ ਨਸ਼ੇ ਵਿੱਚ ਰੋਜ ਉਠ ਕੇ ਸਾਹਿਬ ਦੇ ਚਰਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨ ਕਮਲਾਂ ਵਿੱਚ ਢਹਿ ਪੈਂਦਾ ਹੈ ਅਤੇ ਜੁੜ ਜਾਂਦਾ ਹੈ |

ਉਸ ਵੇਲੇ ਸਮਝ ਆਈ ਕਿ ਬਾਬਾ ਨੰਦ ਸਿੰਘ ਸਾਹਿਬ ਪੰਜ ਸਾਲ ਦੀ ਉਮਰ ਤੋਂ ਹੀ ਆਖ਼ਰੀ ਦਿਨ ਤੱਕ ਰੋਜ਼ ਰਾਤ

ਨੂੰ ਬਾਰਾਂ ਵਜੇ ਇਸ਼ਨਾਨ ਕਰਕੇ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਦੇ ਵਕਤ ਤੋਂ ਪਹਿਲਾਂ ਚਰਨਾਂ ਨਾਲ ਕਿਸ ਤਰ੍ਹਾਂ ਜੁੜ ਜਾਂਦੇ ਸਨ | ਉਸ ਵਕਤ ਸਮਝ ਆਇਆ ਸਾਧ ਸੰਗਤ ਜੀ,

ਤਤੁ ਬਿਚਾਰੁ ਯਹੈ ਮਥੁਰਾ

ਜਗ ਤਾਰਨ ਕਉ ਅਵਤਾਰੁ ਬਨਾਯਉ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1409)*

ਸਾਡੇ ਤਾਰਨ ਹਾਰ ਗੁਰੂ ਅਰਜਨ ਪਾਤਸ਼ਾਹ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ, ਇੱਕ ਤਾਰਨਹਾਰ ਜਹਾਜ਼ ਬਣਾ ਗਏ ਹਨ, ਸਾਡੇ ਅਨਮੋਲ ਪਲ, ਘੜੀਆਂ ਅਤੇ ਦਿਵਸ ਕਿਤੇ ਜਾਇਆ ਨਾ ਚਲੇ ਜਾਣ | ਬਾਬਾ ਨੰਦ ਸਿੰਘ ਸਾਹਿਬ ਫੁਰਮਾਉਂਣ ਲੱਗੇ ਕਿ ਨਿਮਾਣਾ ਹੋ ਕੇ, ਮੂਧਾ ਹੋ ਕੇ ਸਾਹਿਬ ਦੇ ਚਰਨਾਂ ਵਿੱਚ ਢਹਿ ਪਵੋ | ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਕਮਲਾਂ ਵਿੱਚ ਢਹਿ ਪਵੋ | ਫਿਰ ਬਾਬੇ ਫੁਰਮਾਉਂਣ ਲੱਗੇ ਕਿ ਗੁਰਮੁਖੋ ! ਗੁਰਮੁਖੋ! 'ਆਪਾ' ਦੇਣ ਦੀ ਲੋੜ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ | ਸਾਧ ਸੰਗਤ ਜੀ ਜਿਹੜੀਆਂ ਨਿਰੰਕਾਰ ਦੀਆਂ ਅੰਮ੍ਰਿਤ ਧੁਨੀਆਂ ਗੁਰੂ ਅੰਗਦ ਸਾਹਿਬ ਨੂੰ, ਗੁਰੂ ਅਮਰਦਾਸ ਜੀ ਨੂੰ ਗੁਰੂ ਰਾਮਦਾਸ ਜੀ ਨੂੰ ਖਿਚ ਕੇ ਲੈ ਗਈਆਂ ਹਨ ਗੁਰੂ ਨਿਰੰਕਾਰ ਪਾਸ, ਤੇ ਆਪਾਂਇੱਕਚੀਜ਼ ਜਰੂਰ ਵਿੱਚਾਰ ਕਰੀਏ ਕਿ ਜਿਹੜੀਆਂ ਅੰਮ੍ਰਿਤ ਧੁਨੀਆਂ ਸਾਡੇ ਕੰਨਾਂ ਵਿੱਚ ਰੋਜ ਪੈ ਰਹੀਆਂ ਹਨ ਆਪਾਂ ਢਿਲ ਕਿਉਂ ਲਾ ਰੱਖੀ ਹੈ | ਆਪਾਂ ਤਾਰਨਹਾਰ ਪ੍ਰਕਾਸ਼ਮਈ ਜ਼ਹਾਜ ਵਿੱਚ ਕਿਉਂ ਨਹੀਂ ਚੜ੍ਹਦੇ|

ਸੁਣਿ ਸਜਣ ਪ੍ਰੀਤਮ ਮੇਰਿਆ

ਮੈ ਸਤਿਗੁਰੁ ਦੇਹੁ ਦਿਖਾਲਿ ||

ਹਉ ਤਿਸੁ ਦੇਵਾ ਮਨੁ ਆਪਣਾ
ਨਿਤ ਹਿਰਦੈ ਰਖਾ ਸਮਾਲਿ ||
ਇਕਸੁ ਸਤਿਗੁਰ ਬਾਹਰਾ ਧ੍ਰਿਗੁ ਜੀਵਣੁ ਸੰਸਾਰਿ ||
ਜਨ ਨਾਨਕ ਸਤਿਗੁਰੁ ਤਿਨਾ ਮਿਲਾਇਓਨੁ
ਜਿਨ ਸਦ ਹੀ ਵਰਤੈ ਨਾਲਿ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-957)*

**ਗੁਰੂ ਨਾਨਕ ਦਾਤਾ ਬਖਸ਼ ਲੈ |**

**ਬਾਬਾ ਨਾਨਕ ਬਖਸ਼ ਲੈ ||**